# ਸਕੂਲ ਬੱਸ ਬਾਰੇ ਨਿਯਮ

1. ਡਰਾਈਵਰ ਦੀ ਇੱਜ਼ਤ ਕਰਨੀ ਲਾਜ਼ਮੀ ਹੈ। ਡਰਾਈਵਰ, ਸਕੂਲ ਬੱਸ ਦਾ ਪੂਰਾ ਇਨਚਾਰਜ ਹੈ। ਉਸਦਾ ਹੁਕਮ ਮੰਨਣਾ ਪਵੇਗਾ।

2. ਵਿਦਿਆਰਥੀਆਂ ਦੇ ਭੈੜੇ ਵਤੀਰੇ ਬਾਰੇ, ਡਰਾਈਵਰ ਸਬੰਧਤ ਪ੍ਰਿੰਸੀਪਲ ਨੂੰ ਰਿਪੋਰਟ ਕਰੇਗਾ।

3. ਡਰਾਈਵਰ ਕਿਸੇ ਵੇਲੇ ਵੀ ਵਿਦਿਆਰਥੀਆਂ ਦੀ ਸੀਟ ਨਿਸ਼ਚਿਤ ਕਰ ਸਕਦਾ ਹੈ।

4. ਜਦੋਂ ਬੱਸ ਤੁਰ ਪਵੇ, ਤਾਂ ਵਿਦਿਆਰਥੀ, ਬਾਂਹ ਤੇ ਸਿਰ ਖਿੜਕੀ ਤੋਂ ਬਾਹਰ ਨਾ ਕੱਢਣ, ਬੱਸ ਤੋਂ ਨਾ ਹੀ ਉਤਰਣ ਤੇ ਨਾ ਹੀ ਚੜ੍ਹਨ ਅਤੇ ਬੱਸ ਦੇ ਅੰਦਰ ਨਾ ਘੁੰਮਣ।

5. ਵਿਦਿਆਰਥੀ ਬੱਸ ਦੇ ਫਰਸ਼, ਅਤੇ ਖਿੜਕੀ ਤੋਂ ਬਾਹਰ ਕਾਗਜ਼ ਬਿਲਕੁਲ ਨਾ ਸੁੱਟਣ।

6. ਬੱਸ ਦੇ ਅੰਦਰ ਵਿਦਿਆਰਥੀ ਚੁੱਪਚਾਪ ਅਤੇ ਸਾਊਪੁਣਾ ਦਿਖਾਉਣ ਅਤੇ ਸਾਥੀਆਂ ਦੇ  ਅਰਾਮ ਅਤੇ ਬਚਾ ਦਾ ਧਿਆਨ ਰੱਖਣ।

7. ਹੱਥੋਪਾਈ, ਲੜਾਈ , ਸਿਗਰਟ ਅਤੇ ਗੰਦੀ ਭਾਸ਼ਾ ਦੀ ਬੱਸ ਵਿਚ ਸਖ਼ਤ ਮਨਾਹੀ ਹੈ।

8. ਵਿਦਿਆਰਥੀ ਛੋਟੇ ਰੇਡੀਓ ਦੀ ਵਰਤੋਂ ਅਤੇ ਫਜ਼ੂਲ ਗੱਲਬਾਤ ਕਰਕੇ ਡਰਾਈਵਰ ਦੇ ਧਿਆਨ ਭੰਗ ਨਾ ਕਰਨ।

9. ਬੱਸ ਦਾ ਜਾਣ ਬੁੱਝਕੇ ਨੁਕਸਾਨ ਕਰਨ ਵਾਲਾ ਵਿਦਿਆਰਥੀ ਜਵਾਬ-ਦੇਹ ਹੋਵੇਗਾ।

10. ਬੱਸ ਤੋਂ ਉਤਰਣ ਵੇਲੇ, ਵਿਦਿਆਰਥੀ, ਡਰਾਈਡਰ ਦੇ ਨਿਰਦੇਸ਼ਾਂ ਦਾ ਪਾਲਣ ਕਰਨ। ਵਿਦਿਆਰਥੀ ਸੜਕ ਉਦੋਂ ਹੀ ਪਾਰ ਕਰਨ ਜਦੋਂ ਬੱਸ ਤੁਰ ਪਵੇ ਅਤੇ ਸੜਕ ਦੇ ਦੋਨੋਂ ਪਾਸੇ ਸਾਫ਼ ਦਿੱਸਣ ਲੱਗ ਪੈਣ।

11. ਕਿਸੇ ਵੀ ਵਿਦਿਆਰਥੀ ਜਾਂ ਮਾਪੇ ਨੂੰ ਸਕੂਲ ਬੱਸ ਅੰਦਰ ਆਉਣ ਦੀ ਆਗਿਆ ਨਹੀਂ ਹੈ ਅਗਰ ਉਨ੍ਹਾਂ ਕੋਲ ਇਹ ਨਹੀਂ ਹਨ

    - ਜਾਇਜ਼ ਬੱਸ ਪਾਸ ; ਜਾਂ
    - ਬੱਸ ਡਰਾਈਵਰ ਦੀ ਇਜਾਜ਼ਤ; ਜਾਂ
    - ਸਕੂਲ ਦੇ ਪ੍ਰਿੰਸੀਪਲ ਦੀ ਇਜਾਜ਼ਤ ਜਾਂ ਉਨ੍ਹਾਂ ਦੁਆਰਾ ਮਨੋਨੀਤ ਅਧਿਕਾਰੀ ਦੀ ਇਜਾਜ਼ਤ।

12. ਸਕੂਲ ਬੱਸ ਵਿਚ ਖਾਸ ਖਾਸ ਚੀਜ਼ਾਂ ਹੀ ਲਿਜਾਈਆਂ ਜਾ ਸਕਦੀਆਂ ਹਨ। ਇਸ ਬਾਰੇ ਜੇ ਝਗੜਾ ਹੋਵੇ ਤਾਂ ਡਰਾਈਵਰ ਦਾ ਫੈਸਲਾ ਫਾਈਨਲ ਹੋਵੇਗਾ। ਬੱਸ ਦੇ ਅੰਦਰ, ਸੀਟਾਂ ਵਿਚਕਾਰ.ਲੀ ਤੁਰਨ ਫਿਰਨ ਵਾਲੀ ਥਾਂ ਹਰ ਵਕਤ ਖਾਲੀ ਹੋਣੀ ਚਾਹੀਦੀ ਹੈ।

- ਮਿਊਜ਼ਿਕ ਵਾਲੇ ਸਾਜ਼ ਉਨ੍ਹਾਂ ਦੇ ਸਹੀ ਡੱਬਿਆਂ ਵਿਚ ਹੋਣ ਅਤੇ ਵਿਦਿਆਰਥੀ ਦੇ ਪੱਟਾਂ ਉੱਤੇ ਰੱਖੇ ਹੋਣ ਜਾਂ ਡਰਾਈਵਰ ਦੀ ਦੱਸੀ ਥਾਂ ਉੱਪਰ ਰੱਖੇ ਹੋਣ।

- ਸਕੇਟ ਜਾਂ ਸਕੇਟ ਬੋਰਡ ਜਾਂ ਤਾਂ ਬੰਦ ਡਫਲ ਬੈਗ ਵਿਚ ਹੋਣ ਜਾਂ ਡਰਾਈਵਰ ਦੀ ਦੱਸੀ ਥਾਂ ਉੱਪਰ ਰੱਖੇ ਹੋਣ।

- ਸਕੀ/ਪੋਲ ਅਤੇ ਹਾਕੀ ਦਾ ਸਮਾਨ, ਹਾਈਵੇ ਐੱਕਟ ਦੇ ਨਿਯਮਾਂ ਅਨੁਸਾਰ ਹੀ ਬੱਸ ਵਿਚ ਲਿਜਾਇਆ ਜਾ ਸਕਦਾ ਹੈ।

- ਪਰੋਗਰਾਮ ਸਬੰਧੀ ਵਸਤੂਆਂ ਬੱਸ ਵਿਚ ਤਾਂ ਹੀ ਲਿਜਾਈਆਂ ਜਾ ਸਕਦੀਆਂ ਹਨ ਜੇ ਥਾਂ ਹੋਵੇ ਅਤੇ ਹਿਫਾਜ਼ਤ ਨਾਲ ਰੱਖੀਆਂ ਜਾ ਸਕਣ। ਚੰਗਾ ਹੋਵੇਗਾ ਅਗਰ ਪ੍ਰਿੰਸੀਪਲ ਅਤੇ ਡਰਾਈਵਰ ਨਾਲ ਪਹਿਲਾਂ ਹੀ ਗੱਲਬਾਤ ਕਰਕੇ ਇੰਤਜ਼ਾਮ ਕੀਤਾ ਜਾਵੇ।

- ਪਸ਼ੂ, ਪੰਛੀ, ਬੰਦੂਕ, ਪਿਸਤੌਲ ਅਤੇ ਬਾਰੂਦ ਵਾਲੀਆਂ ਚੀਜ਼ਾਂ, ਪਾਣੀ ਵਾਲਾ ਪਿਸਤੌਲ ਅਤੇ ਖਤਰਨਾਕ ਵਸਤੂਆਂ ਨੂੰ ਬੱਸ ਵਿਚ ਲਿਜਾਣ ਦੀ ਇਜਾਜ਼ਤ ਨਹੀਂ ਹੈ।